

ਮਿਸ਼ਰਣ ਨੂੰ ਜੈੱਕ ਨਾਲ ਦਬਾਓ




3 ਕਿੱਲੋ ਦੀ ਤਿਆਰ ਪਸ਼ੂ ਚਾਟ

### ਫਾਇਦੇ

- ਪਸ਼ੂਆਂ ਦੇ ਸਰੀਰਕ ਵਿਕਾਸ ਵਿੱਚ ਵਾਧਾ ਹੁੰਦਾ ਹੈ ਅਤੇ ਹੱਡੀਆਂ ਮਜ਼ਬੂਤ ਬਣਦੀਆਂ ਹਨ।
- ਦੁੱਧ ਦੀ ਪੈਦਾਵਾਰ ਵਧਦੀ ਹੈ ਅਤੇ ਪਸ਼ੂ ਛੇਤੀ ਗੱਭਣ ਹੁੰਦੇ ਹਨ ।
- ਪਾਚਣ ਸ਼ਕਤੀ ਵਧਾਉਂਦਾ ਹੈ।
- ਬਿਮਾਰੀਆਂ ਤੋਂ ਬਚਾਉਂਦਾ ਹੈ।
- ਦੋ ਸੂਇਆ ਵਿਚਲਾ ਅੰਤਰ ਘਟਦਾ ਹੈ।

### ਸਾਵਧਾਨੀਆਂ

- ਪਸ਼ੂ ਚਾਟ ਘੋੜੇ, ਸੂਰ, ਮੁਰਗੀਆਂ ਅਤੇ 6 ਮਹੀਨੇ ਤੋ ਘੱਟ ਉਮਰ ਦੇ ਕਟੜੂਆਂ-ਵਛੜੂਆਂ ਦੀ ਖੁਰਾਕ ਵਿੱਚ ਨਹੀਂ ਵਰਤਣੀ ਚਾਹੀਦੀ।
- ਪਸ਼ੂ ਚਾਟ ਇਕੱਲੇ ਤੌਰ ਤੇ ਵਰਤਣ ਤੋਂ ਗੁਰੇਜ਼ ਕਰੋ ।
- ਜ਼ਿਆਦਾ ਭੁੱਖੇ ਪਸ਼ੂਆਂ ਨੂੰ ਨਹੀ ਖਿਲਾਉਣੀ ਚਾਹੀਦੀ ।
- ਬਾਰਿਸ਼ ਦੇ ਪਾਣੀ ਤੋਂ ਬਚਾ ਕੇ ਰੱਖੋ ।

## ਪਸ਼ੂ ਚਾਟ ਖੁਆਓ - ਪਸ਼ੂਆਂ ਨੂੰ ਹਰਵਰਿਆਇਆ ਬਣਾਓ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
**ਨਿਰਦੇਸ਼ਾਲਾ ਪਸਾਰ ਸਿੱਖਿਆ**
**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,**
ਲੁਧਿਆਣਾ-141004
ਫੋਨ : 0161-2414040, 2414005

# ਦੁਧਾਰੂ ਪਸ਼ੂਆਂ ਵਿੱਚ ਪਸ਼ੂ ਚਾਟ ਦਾ ਮਹੱਤਵ

# IMPORTANCE OF UROMIN LICK IN DAIRY ANIMALS




ਡਾ. ਜਸਵਿੰਦਰ ਸਿੰਘ
ਡਾ. ਜਸਪਾਲ ਸਿੰਘ ਹੁੰਦਲ
ਡਾ. ਸੁਰੇਸ਼ ਕੁਮਾਰ ਕਾਂਸਲ
ਡਾ. ਹਰੀਸ਼ ਕੁਮਾਰ ਵਰਮਾ

ICAR

**FFP FOLDER - 1**

**ACKNOWLEDGMENT**
We are highly thankful to Farmer FIRST Programme, ICAR, New Delhi for providing financial assistance to publish this folder for the benefit of farmers.

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,
ਲੁਧਿਆਣਾ-141004

# ਯੂਰੋਮਿਨ ਲਿਕ ਜਾਂ ਪਸ਼ੂ ਚਾਟ

ਪੰਜਾਬ ਵਿੱਚ ਪਸ਼ੂ ਖੁਰਾਕ ਵਿੱਚ ਊਰਜਾ, ਪ੍ਰੋਟੀਨ ਅਤੇ ਧਾਤਾਂ ਦੀ ਅਣਉਚਿੱਤ ਮਾਤਰਾ ਜਾਂ ਅਸੰਤੁਲਿਨ ਆਮ ਜਿਹੀ ਗੱਲ ਹੈ ਜੋ ਪਸ਼ੂ ਪਾਲਕਾਂ ਵਿੱਚ ਪਸ਼ੂਆਂ ਦੀਆਂ ਖੁਰਾਕੀ ਲੋੜਾਂ ਸੰਬੰਧੀ ਜਾਗਰੂਕਤਾ ਦੀ ਘਾਟ ਜਾਂ ਅਣਗਹਿਲੀ ਦਾ ਨਤੀਜਾ ਹੁੰਦੀ ਹੈ। ਪਸ਼ੂ ਚਾਟ ਡੇਅਰੀ ਦੇ ਧੰਦੇ ਚੋਂ ਵਧੇਰੇ ਫਾਇਦਾ ਲੈਣ ਲਈ ਯੂਨੀਵਰਸਿਟੀ ਦੁਆਰਾ ਪਸ਼ੂ ਖੁਰਾਕ ਸੰਬੰਧੀ ਵਿਕਸਿਤ ਕੀਤੀਆਂ ਤਕਨੀਕਾਂ ਵਿੱਚੋਂ ਇਕ ਹੈ। ਪਸ਼ੂ ਚਾਟ ਵਿੱਚ 96% ਸੁੱਕਾ ਮਾਦਾ (Dry Matter) ਹੁੰਦਾ ਹੈ। ਇਸ ਵਿੱਚ 35% ਕੱਚੀ ਪ੍ਰੋਟੀਨ (CP), 32% ਪਚਣਯੋਗ ਕੱਚੀ ਪ੍ਰੋਟੀਨ (DCP) ਅਤੇ 45% ਕੁੱਲ ਪਚਣਯੋਗ ਤੱਤ (TDN) ਹੁੰਦੇ ਹਨ। ਪਸ਼ੂਆਂ ਨੂੰ ਊਰਜਾ, ਪ੍ਰੋਟੀਨ ਅਤੇ ਧਾਤਾਂ ਦਾ ਇਹ ਅਨੋਖਾ ਮਿਸ਼ਰਣ ਭਾਵ ਪਸ਼ੂ ਚਾਟ ਜਾਂ ਯੂਰੋਮਿਨ ਲਿਕ ਚਾਰਨਾ ਪਸ਼ੂਆਂ ਦੀਆਂ ਖੁਰਾਕੀ ਤੱਤਾਂ ਸੰਬੰਧੀ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਸਿਹਤ, ਉਤਪਾਦਨ ਅਤੇ ਪ੍ਰਜਨਣ ਵਿੱਚ ਸੁਧਾਰ ਕਰਨ ਵਿੱਚ ਵੀ ਸਹਾਈ ਸਿਧ ਹੁੰਦੀ ਹੈ।

## ਬਣਾਉਣ ਦੀ ਵਿਧੀ

1. ਪਸ਼ੂ ਚਾਟ ਬਣਾਉਣ ਲਈ 300 ਗ੍ਰਾਮ ਯੂਰੀਆ, 900 ਗ੍ਰਾਮ ਸੀਰਾ ਅਤੇ 60 ਗ੍ਰਾਮ ਗੁਆਰ ਗੂੰਦ ਕੜਾਹੀ ਵਿੱਚ ਪਾਉ ।
2. 450 ਗ੍ਰਾਮ ਮੈਦਾ, 450 ਗ੍ਰਾਮ ਧਾਤਾਂ ਦਾ ਚੂਰਾ, 120 ਗ੍ਰਾਮ ਲੂਣ, 300 ਗ੍ਰਾਮ ਤੇਲ ਰਹਿਤ ਸਰੋਂ ਦੀ ਖਲ ਅਤੇ 300 ਗ੍ਰਾਮ ਤੇਲ ਰਹਿਤ ਚੌਲਾਂ ਦੀ ਪਾਲਿਸ਼ ਦਾ ਮਿਸ਼ਰਣ ਬਣਾਉ ।
3. ਤਿਆਰ ਮਿਸ਼ਰਣ ਅਤੇ 120 ਗ੍ਰਾਮ ਕੈਲਸ਼ੀਅਮ ਆਕਸਾਈਡ ਕੜਾਹੀ ਵਿੱਚ ਪਾਉਣ ਉਪਰੰਤ ਚੰਗੀ ਤਰ੍ਹਾਂ ਮਿਲਾਉ ਅਤੇ ਮਸ਼ੀਨ ਵਿੱਚ ਪਾ ਕੇ ਦਬਾ ਦੇਵੋ ।
4. 20 ਮਿੰਟ ਵਿੱਚ ਤਿੰਨ ਕਿੱਲੋ ਦੀ ਉਰਜਾ, ਧਾਤਾਂ ਅਤੇ ਪ੍ਰੋਟੀਨ ਯੁਕਤ ਚਾਟ ਤਿਆਰ ਹੋ ਜਾਵੇਗੀ ।
5. ਇਸ ਨੂੰ ਮੋਮਜਾਮੇ ਦੇ ਲਿਫਾਫੇ ਵਿੱਚ ਪਾ ਕੇ ਵਰਤਣ ਲਈ ਰੱਖ ਲਵੋ ।
6. ਵਰਤਣ ਸਮੇਂ ਪਸ਼ੂ ਚਾਟ ਲਿਫਾਫੇ ਵਿੱਚੋਂ ਕੱਢ ਕੇ ਖੁਰਲੀ ਦੀ ਇੱਕ ਨੁੱਕਰ ਵਿੱਚ ਰੱਖੀ ਜਾ ਸਕਦੀ ਹੈ ਤਾਂ ਜੋ ਪਸ਼ੂ ਲੋੜ ਮੁਤਾਬਿਕ ਚੱਟ ਸਕਣ ।
7. ਦੁੱਧ ਦੀ ਪੈਦਾਵਾਰ ਦੇ ਹਿਸਾਬ ਨਾਲ 10 ਕਿੱਲੋ ਵਾਲੇ ਨੂੰ 300 ਗ੍ਰਾਮ ਅਤੇ 15 ਕਿੱਲੋ ਦੁੱਧ ਵਾਲੇ ਨੂੰ 600 ਗ੍ਰਾਮ ਤੱਕ ਪਸ਼ੂ ਚਾਟ ਚਾਰੀ ਜਾ ਸਕਦੀ ਹੈ ।



ਕੜਾਹੀ ਵਿੱਚ 900 ਗ੍ਰਾਮ ਸੀਰਾ ਅਤੇ 300 ਗ੍ਰਾਮ ਯੂਰੀਆ ਪਾਓ



60 ਗ੍ਰਾਮ ਗੁਆਰ ਗਮ ਪਾਉਣ ਉਪਰੰਤ ਚੰਗੀ ਤਰ੍ਹਾਂ ਮਿਕਸ ਕਰੋ

| | |
|---|---|
| ਮੈਦਾ | 450 ਗ੍ਰਾਮ |
| ਧਾਤਾਂ ਦਾ ਚੂਰਾ | 450 ਗ੍ਰਾਮ |
| ਲੂਣ | 120 ਗ੍ਰਾਮ |
| ਤੇਲ ਰਹਿਤ ਸਰੋਂ ਦੀ ਖਲ਼ | 300 ਗ੍ਰਾਮ |
| ਤੇਲ ਰਹਿਤ ਚੌਲ਼ਾਂ ਦੀ ਪਾਲਿਸ਼ | 300 ਗ੍ਰਾਮ |

ਉਪਰੋਕਤ ਮਿਸ਼ਰਣ ਤਿਆਰ ਕਰੋ



ਮਿਸ਼ਰਣ ਅਤੇ 120 ਗ੍ਰਾਮ ਕੈਲਸ਼ੀਅਮ ਆਕਸਾਇਡ ਕੜਾਹੀ ਵਿੱਚ ਪਾਓ



ਮਿਸ਼ਰਣ ਨੂੰ ਚੰਗੀ ਤਰ੍ਹਾ ਮਿਕਸ ਕਰੋ



ਮਿਸ਼ਰਣ ਨੂੰ ਇੱਟ ਬਣਾਉਣ ਵਾਲੇ ਸਾਂਚੇ ਵਿੱਚ ਪਾਓ